# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਬਠਿੰਡਾ।

## 3rd Floor, Mini Secretariat, Bathinda

Deose.bathinda@punjabeducation.gov.in

ਵੱਲ

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ,

ਸਸਸਸ/ਸਹਸ, ਬਠਿੰਡਾ ।

ਪੱਤਰ ਨੰ: ਲ-4/1 ( ) 2025/5540

ਮਿਤੀ: 27.02.2025

ਵਿਸ਼ਾ:- ਲੇਖਾ ਮੱਦ 2202-02-109-01-00-01 (ਸਸਸਸ) ਤਨਖਾਹਾਂ ਅਧੀਨ ਵਾਧੂ ਬਜਟ ਦੀ ਮੰਗ ਦੇ ਸਬੰਧ ਵਿੱਚ ਜਸਟੀਫਿਕੇਸ਼ਨ ਭੇਜਣ ਸਬੰਧੀ ।

**ਹਵਾਲਾ:- ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈ.ਸਿ), ਪੰਜਾਬ ਐਸ.ਏ.ਐਸ ਨਗਰ ਦੇ ਮੀਮੋ ਨੰ. ਈ-777032 ਬਜਟ(4)/202553492 ਮਿਤੀ ਐਸ.ਏ.ਐਸ ਨਗਰ 25.02.2025 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਨੂੰ ਪੜਿਆ ਜਾਵੇ ਅਤੇ ਹੇਠਾ ਦਿੱਤੀ ਗਈ ਗੂਗਲ ਸ਼ੀਟ ਨੂੰ ਅੱਜ ਮਿਤੀ 27.02.2025 ਨੂੰ ਦੁਪਿਹਰ 12.00 ਵਜੇ ਤੋਂ ਪਹਿਲਾਂ ਭਰ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਤਾ ਜੋ ਇਸ ਦੀ ਜਾਣਕਾਰੀ ਉੱਚ ਦਫਤਰ ਨੂੰ ਪਹੁੰਚਾਈ ਜਾ ਸਕੇ। ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਆਪਣੇ ਸਕੂਲ ਦੇ ਸਾਹਮਣੇ ਲੜੀ ਨੰ. 1 ਤੋ ਲੈ ਕੇ 204 ਤੱਕ ਨਾਮ ਅਤੇ ਡੀ.ਡੀ.ਓ ਕੋਡ ਦਰਸਾਏ ਗਏ ਹਨ ਉਸ ਵਿੱਚ ਹੀ ਇਹ ਜਾਣਕਾਰੀ ਭਰੀ ਜਾਵੇ। ਜੇਕਰ ਕੋਈ ਸਕੂਲ ਇਸ ਨੂੰ ਆਪਣੇ ਡੀ.ਡੀ.ਓ ਕੋਡ ਤੋ ਬਿਨਾਂ ਹੋਰ ਕਿਤੇ ਦਰਸਾਵੇਗਾ ਤਾਂ ਉਸਨੂੰ Consider ਨਹੀਂ ਕੀਤਾ ਜਾਵੇਗਾ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

| ਲੜੀ ਨੰ. | ਸਕੂਲ ਦਾ ਨਾਮ | ਡੀ.ਡੀ.ਓ ਕੋਡ | 5178 ਦੇ ਕੋਰਟ ਕੇਸਾਂ ਵਿੱਚ ਕੀਤੀ ਗਈਆਂ ਅਦਾਇਗੀਆਂ ਦਾ ਵੇਰਵਾ | 4161 ਦੇ ਕੋਰਟ ਕੇਸਾਂ ਵਿੱਚ ਕੀਤੀਆਂ ਗਈਆਂ ਅਦਾਇਗੀਆਂ ਦਾ ਵੇਰਵਾ | ਜੇਕਰ ਕੋਈ ਹੋਰ ਕੋਰਟ ਕੇਸ ਵਿੱਚ ਅਦਾਇਗੀ ਕੀਤੀ ਗਈ ਹੋਵੇ ਜੇਕਰ ਹਾਂ ਤਾਂ ਵੇਰਵਾ ਜੇਕਰ ਨਹੀਂ ਤਾਂ ਨਿਲ ਦਰਸਾਈ ਜਾਵੇ | ਫਰਵਰੀ ਮਹੀਨੇ ਦੌਰਾਨ ਹੋਰ ਵਾਧੂ ਲੋੜੀਂਦੀ ਬਜਟ ਦੀ ਰਾਸ਼ੀ ਦਾ ਵੇਰਵਾ ਸਮੇਤ ਜਸਟੀਫਿਕੇਸ਼ਨ | ਵਿਸ਼ੇਸ਼ ਕਥਨ |
|---|---|---|---|---|---|---|---|
| | | | | | | | |

ਨੱਥੀ:- ਪੱਤਰ

ਲਿੰਕ:-

https://docs.google.com/spreadsheets/d/18UO9qHbzwQkOeHhL7ygIkKsnTpAoWf421oPHceu9fBE/edit?usp=sharing

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਬਠਿੰਡਾ।

202535979

# ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ ਸਿੱਖਿਆ), ਪੰਜਾਬ, ਐਸ.ਏ.ਐਸ ਨਗਰ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ-ਈ, ਮੰਜ਼ਿਲ-ਚੌਥੀ, ਸੈਕਟਰ-62, ਐਸ.ਏ.ਐਸ ਨਗਰ

(ਬਜਟ ਸ਼ਾਖਾ)

ਈ-ਮੇਲ ਰਾਹੀਂ

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਪੰਜਾਬ।

ਮੀਮੋ ਨੰ. ਈ-777032 ਬਜਟ (4)/ 2025135472

ਮਿਤੀ, ਐਸ.ਏ.ਐਸ ਨਗਰ: 25-02-2025

ਵਿਸ਼ਾ: ਲੇਖਾ ਮੱਦ **2202-02-109-01-00-01 (ਸਸਸਸ)** ਤਨਖਾਹਾਂ ਅਧੀਨ ਵਾਧੂ ਬਜਟ ਦੀ ਮੰਗ ਦੇ ਸਬੰਧ ਵਿੱਚ ਜਸਟੀਫਿਕੇਸ਼ਨ ਭੇਜਣ ਸਬੰਧੀ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਇਹ ਵੇਖਣ ਵਿੱਚ ਆਇਆ ਹੈ ਕਿ 5178 ਅਤੇ 4161 ਦੇ ਕੋਰਟ ਕੇਸਾਂ ਵਿੱਚ ਹੋਏ ਹੁਕਮਾਂ ਦੀ ਕੰਪਲਾਈਂਸ ਕਰਨ ਦੇ ਮੰਤਵ ਵੱਜੋਂ ਆਪ ਦੇ ਦਫ਼ਤਰਾਂ ਵਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰ ਰਹੇ ਦਫ਼ਤਰੀ ਅਮਲੇ ਦੀਆਂ ਅਦਾਇਗੀਆਂ ਕੀਤੀਆਂ ਗਈਆਂ ਹਨ ਅਤੇ ਕਈ ਜ਼ਿਲ੍ਹਿਆਂ ਵਲੋਂ ਤਨਖਾਹਾਂ ਨਾਲ ਸਬੰਧਤ ਏਰੀਅਰ ਵੀ ਕੱਢਵਾਏ ਗਏ ਹਨ ਅਤੇ ਕਈ ਜ਼ਿਲ੍ਹਿਆਂ ਵਲੋਂ ਫ਼ਰਵਰੀ ਮਹੀਨੇ ਦੀ ਅਦਾਇਗੀ ਕਰਨ ਲਈ ਬਹੁਤਾਤਾ ਵਿੱਚ ਬਜਟ ਦੀ ਰਾਸ਼ੀ ਦੀ ਮੰਗ ਕੀਤੀ ਜਾ ਰਹੀ ਹੈ।

2.0 **5178 ਅਤੇ 4161 ਦੇ ਕੋਰਟ ਕੇਸਾਂ** ਦੀ ਅਦਾਇਗੀਆਂ ਕਰਨ ਕਾਰਨ ਅਤੇ ਏਰੀਅਰ ਦੀ ਅਦਾਇਗੀਆਂ ਕਰਨ ਕਾਰਨ ਲੇਖਾ ਮੱਦ 2202-02-109-01-00-01 ਅਧੀਨ ਤਨਖਾਹਾਂ ਦੀ ਅਦਾਇਗੀਆਂ ਕਰਨ ਲਈ ਬਜਟ ਘੱਟ ਗਿਆ ਹੈ। ਜਿਸ ਕਾਰਨ ਆਪ ਦੇ ਦਫ਼ਤਰਾਂ ਅਧੀਨ ਆਉਂਦੇ ਸਸਸਸ ਅਧੀਨ ਕੰਮ ਕਰ ਰਹੇ ਕਰਮਚਾਰੀਆਂ/ ਅਧਿਕਾਰੀਆਂ ਦੀ ਫ਼ਰਵਰੀ ਮਹੀਨੇ ਦੀ ਤਨਖਾਹ ਦੀ ਅਦਾਇਗੀ ਕਰਨੀ ਸੰਭਵ ਨਹੀਂ ਹੋ ਪਾ ਰਹੀ ਹੈ।

3.0 ਇਸ ਲਈ ਆਪ ਦੇ ਦਫ਼ਤਰਾਂ ਨੂੰ ਸਖ਼ਤ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਪੱਤਰ ਜਾਰੀ ਹੋਣ ਦੇ ਦੋ ਦਿਨ੍ਹਾਂ ਦੇ ਅੰਦਰ-ਅੰਦਰ ਆਪ ਦੇ ਦਫ਼ਤਰਾਂ ਅਧੀਨ ਆਉਂਦੇ ਸਸਸਸ ਦੀ ਸੂਚਨਾਂ ਤੁਰੰਤ ਇਸ ਦਫ਼ਤਰ ਨੂੰ ਭੇਜੀ ਜਾਵੇ ਕਿ ਆਪ ਦੇ ਦਫ਼ਤਰਾਂ ਵਲੋਂ 5178ਅਤੇ 4161 ਆਦਿ ਦੇ ਕੋਰਟ ਕੇਸਾਂ ਦੀ ਕੰਪਲਾਈਂਸ ਕਰਨ ਹਿੱਤ ਕਿੰਨੇ ਬਜਟ ਦੀ ਰਾਸ਼ੀ ਦੀ ਅਦਾਇਗੀਆਂ ਕੀਤੀਆਂ ਗਈਆਂ ਹਨ ।

4.0 ਆਪ ਦੇ ਦਫ਼ਤਰਾਂ ਵਲੋਂ ਹੇਠਾਂ ਦਰਸਾਈ ਗਈ ਸਥਿਤੀ ਅਨੁਸਾਰ ਰਿਪੋਰਟ ਕੰਸਾਲੀਡੇਟ ਰੂਪ ਵਿੱਚ ਮਿਤੀ 27-02-2025 ਨੂੰ 12.00 ਵਜੇ ਤੱਕ ਇਸ ਸ਼ਾਖਾ ਦੀ ਈਮੇਲ ਆਈ.ਡੀ DPISE.BUDGET@PUNJABEDUCATION.GOV.IN **ਭੇਜਣੀ ਯਕੀਨੀ ਬਣਾਈ ਜਾਵੇ।**

ਲੇਖਾ ਮੱਦ 2202-02-109-01-00-01

| ਲੜੀ ਨੰ. | ਜ਼ਿਲ੍ਹਿਆ ਸਿੱਖਿਆ ਅਫ਼ਸਰਾਂ ਦਾ ਨਾਮ | 5178 ਦੇ ਕੋਰਟ ਕੇਸਾ ਵਿੱਚ ਕੀਤੀ ਗਈਆ ਅਦਾਇਗੀਆਂ ਦਾ ਵੇਰਵਾ | 4161 ਦੇ ਕੋਰਟ ਕੇਸਾ ਵਿੱਚ ਕੀਤੀ ਗਈਆ ਅਦਾਇਗੀਆ ਦਾ ਵੇਰਵਾ | ਜੇਕਰ ਕੋਈ ਹੋਰ ਕੋਰਟ ਕੇਸ ਵਿੱਚ ਅਦਾਇਗੀ ਕੀਤੀ ਗਈ ਹੋਵੇ ਜੇਕਰ ਹਾਂ ਤਾਂ ਵੇਰਵਾ ਜੇਕਰ ਨਹੀ ਤਾਂ ਨਿੱਲ ਦਰਸਾਈ ਜਾਵੇ। | ਏਰੀਅਰ ਨਾਲ ਸਬੰਧਤ ਕੀਤੀਆਂ ਗਈਆਂ ਅਦਾਇਗੀਆਂ ਦਾ ਵੇਰਵਾ | ਫ਼ਰਵਰੀ ਮਹੀਨੇ ਦੌਰਾਨ ਹੋਰ ਵਾਧੂ ਲੋੜੀਂਦੀ ਬਜਟ ਦੀ ਰਾਸ਼ੀ ਦਾ ਵੇਰਵਾ ਸਮੇਤ ਜਸਟੀਫਿਕੇਸ਼ਨ | ਵਿਸ਼ੇਸ਼ ਕਥਨ |
|---|---|---|---|---|---|---|---|
| | | | | | | | |

5.0 ਇਸ ਸੂਚਨਾਂ ਤੇ ਵਿਸ਼ੇਸ਼ ਰੂਪ ਵਿੱਚ ਧਿਆਨ ਦਿੱਤਾ ਜਾਵੇ ਜੀ ਅਤੇ ਸੂਚਨਾਂ ਤੁਰੰਤ ਭੇਜੀ ਜਾਵੇ ਕਿਉਂਕਿ ਆਪ ਵਲੋਂ 5178 ਅਤੇ 4161 ਦੇ ਕੋਰਟ ਕੇਸਾਂ ਵਿੱਚ ਜਿੰਨੀ ਰਾਸ਼ੀ ਦੀ ਅਦਾਇਗੀ ਕੀਤੀ ਗਈ ਹੈ ਅਤੇ ਇਹ ਅਦਾਇਗੀਆਂ ਕਰਨ ਕਾਰਨ ਜਿੰਨੀ ਬਜਟ ਦੀ ਰਾਸ਼ੀ ਘੱਟ ਗਈ ਹੈ, ਉਸ ਰਾਸ਼ੀ ਸਬੰਧੀ ਵਾਧੂ ਬਜਟ ਉਪਬੰਧ ਕਰਵਾਉਣ ਹਿੱਤ ਵਿੱਤ ਵਿਭਾਗ ਪਾਸੋਂ ਕਰਵਾਉਣ ਸਬੰਧੀ ਕਾਰਵਾਈ ਆਰੰਭੀ ਜਾਵੇਗੀ।

6.0 ਜਿਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਪਾਸੋ ਸੂਚਨਾਂ ਨਹੀ ਭੇਜੀ ਜਾਵੇਗੀ ਅਤੇ ਉਸ ਜ਼ਿਲ੍ਹਾ ਸਿੱਖਿਆ ਅਫ਼ਸਰ ਫਰਵਰੀ ਮਹੀਨੇ ਦੌਰਾਨ ਹੋਰ ਵਾਧੂ ਬਜਟ ਦੀ ਰਾਸ਼ੀ ਦੀ ਮੰਗ ਕੀਤੀ ਗਈ ਹੈ ਜਾਂ ਕੀਤੀ ਜਾਵੇਗੀ ਤਾਂ ਉਸ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਮੰਗ ਕੀਤੀ ਗਈ ਰਾਸ਼ੀ ਦੇ ਵਿਰੋਧ ਕੋਈ ਵੀ ਵਾਧੂ ਬਜਟ ਦੀ ਰਾਸ਼ੀ ਅਲਾਟ ਨਹੀ ਕੀਤੀ ਜਾਵੇਗੀ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਅਤੇ ਅਤਿ ਜਰੂਰੀ ਸਮਝਿਆ ਜਾਵੇ।

25/02/25

ਸੁਪਰਡੰਟ (ਬਜਟ)